# ਇਨੋਵਾ ਗੱਡੀ 'ਚੋਂ ਹਰਿਆਣਾ ਸ਼ਰਾਬ ਦੀਆਂ 90 ਪੇਟੀਆਂ ਬਰਾਮਦ

ਅਬੋਹਰ, 10 ਜੁਲਾਈ (ਸੁਖਜਿੰਦਰ ਸਿੰਘ ਢਿੱਲੋਂ)- ਬੇਸ਼ੱਕ ਸਰਕਾਰ ਨੇ ਨਸ਼ੇ ਦੇ ਖ਼ਾਤਮੇ ਹੋਣ ਦਾ ਦਾਅਵਾ ਕੀਤਾ ਹੋਇਆ ਹੈ ਪਰ ਹਰਿਆਣੇ ਤੋਂ ਪੰਜਾਬ 'ਚ ਸ਼ਰਾਬ ਦੀ ਤਸਕਰੀ ਜ਼ੋਰਾਂ-ਸ਼ੋਰਾਂ ਨਾਲ ਹੋ ਰਹੀ ਹੈ। ਪਿਛਲੇ ਕਾਫ਼ੀ ਸਮੇਂ ਤੋਂ ਪੁਲਿਸ ਵੱਲੋਂ ਸ਼ਰਾਬ ਦੀਆਂ ਪੇਟੀਆਂ ਦੀਆਂ ਪੇਟੀਆਂ ਫੜੀਆਂ ਜਾ ਰਹੀਆਂ ਹਨ ਪਰ ਫਿਰ ਵੀ ਬਿਨਾਂ ਭੈਅ ਉੱਧਰੋਂ ਸ਼ਰਾਬ ਇੱਧਰ ਆ ਰਹੀ ਹੈ। ਸ਼ਰਾਬ ਦੀ ਤਸਕਰੀ ਕਾਰਨ ਠੇਕੇਦਾਰਾਂ ਦੇ ਤਾਂ ਵੈਣ ਨਿਕਲ ਚੁੱਕੇ ਹਨ। ਬੀਤੇ ਦਿਨ ਵੀ ਸੀ. ਆਈ. ਏ. ਸਟਾਫ਼ ਦੇ ਏ. ਐੱਸ. ਆਈ. ਸਵਰਨ ਸਿੰਘ ਦੀ ਅਗਵਾਈ ਹੇਠ ਟੀਮ ਨੇ ਗਸ਼ਤ ਦੌਰਾਨ ਰਾਮਸਰਾ ਪਿੰਡ ਕੋਲ ਇਕ ਇਨੋਵਾ ਗੱਡੀ ਰੋਕੀ ਤਾਂ ਉਸ ਵਿਚ ਸਵਾਰ 2 ਜਣੇ ਗੱਡੀ ਉੱਥੇ ਹੀ ਛੱਡ ਕੇ ਫ਼ਰਾਰ ਹੋ ਗਏ। ਗੱਡੀ ਵਿਚੋਂ ਹਰਿਆਣਾ ਮਾਰਕੇ ਦੀਆਂ ਦੇਸੀ ਸ਼ਰਾਬ ਦੀਆਂ 90 ਪੇਟੀਆਂ ਬਰਾਮਦ ਹੋਈਆਂ ਹਨ। ਗੱਡੀ 'ਚ ਸਵਾਰ ਇਕ ਵਿਅਕਤੀ ਦੀ ਪਛਾਣ ਕਰਮਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਕਿਸ਼ਨਪੁਰਾ ਵਜੋਂ ਹੋਈ ਹੈ ਜਦਕਿ ਜਦਕਿ ਦੂਜੇ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ, ਜਿਨ੍ਹਾਂ ਖ਼ਿਲਾਫ਼ ਥਾਣਾ ਬਹਾਵਵਾਲਾ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਹੁਣ ਸਵਾਲ ਇਹ ਹੈ ਕਿ ਏਨੀ ਫੜੀ ਜਾਣ ਦੇ ਬਾਅਦ ਵੀ ਸ਼ਰਾਬ ਉੱਧਰੋਂ ਆ ਰਹੀ ਹੈ। ਨਾਜਾਇਜ਼ ਸ਼ਰਾਬ ਦੀ ਵਿੱਕਰੀ ਕਾਰਨ ਠੇਕੇਦਾਰ ਕੰਗਾਲ ਹੋ ਰਹੇ ਹਨ ਤੇ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਦੀ ਚਾਂਦੀ ਹੋਈ ਪਈ ਹੈ। ਪੁਲਿਸ ਵੱਲੋਂ ਹਾਲੇ ਤੱਕ ਇਹ ਵੀ ਪਤਾ ਨਹੀਂ ਲਗਾਇਆ ਗਿਆ ਕਿ ਸ਼ਰਾਬ ਕਿੱਥੋਂ ਆਉਂਦੀ ਹੈ ਤੇ ਕਿੱਥੇ ਜਾਂਦੀ ਹੁੰਦੀ ਹੈ, ਇਸ ਬਾਰੇ ਤਾਂ ਪੂਰੀ ਪੜਤਾਲ ਬਾਅਦ ਹੀ ਪਤਾ ਲੱਗ ਸਕੇਗਾ